## *ਮੁੰਦਾਵਣੀ ਪੁਸਤਕ ਸਭ ਸ਼ੰਕੇ ਦੂਰ ਕਰਦੀ ਹੈ*

- ਮੈਂ ਗਿਆਨੀ ਗੁਰਦਿੱਤ ਸਿੰਘ ਲਿਖਤ ਪੁਸਤਕ *ਮੁੰਦਾਵਣੀ* ਪੜ੍ਹੀ ਹੈ। ਇਹ ਪੁਸਤਕ ਕਈ ਪੱਖਾਂ ਤੋਂ ਕਈ ਵਰ੍ਹੇ ਖੋਜ ਕਰ ਕੇ ਲਿਖੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ 'ਮੁੰਦਾਵਣੀ' ਉਪਰ ਪਾਉਣਾ, ਇਸ ਖੋਜ ਦਾ ਮੁੱਖ ਵਿਸ਼ਾ ਹੈ, ਜੋ ਗਿਆਨੀ ਜੀ ਨੇ ਖੋਜ ਕਰ ਕੇ ਸਿੱਟਾ ਕੱਢਿਆ ਹੈ ਅਤੇ ਪੁਰਾਤਨ ਬੀੜਾਂ ਦੇ ਚਿੱਤਰ ਤੇ ਗ੍ਰੰਥਾਂ ਦੇ ਹਵਾਲੇ ਦੇ ਦੇ ਕੇ ਦੱਸਿਆ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ ਉੱਤੇ ਹੀ ਪੈਂਦਾ ਹੈ।"

  ਗਿਆਨੀ ਜੀ ਵੱਲੋਂ ਕੀਤੀ ਗਈ ਖੋਜ ਅਤੇ ਪੋਥੀ ਵਿਚ ਦਿੱਤੇ ਚਿੱਤਰਾਂ, ਗ੍ਰੰਥਾਂ ਦੇ ਹਵਾਲਿਆਂ ਅਤੇ ਆਲਮ ਬਾਰੇ ਕੀਤੇ ਨਿਰਣੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਾਗਮਾਲਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਕੋਈ ਸੰਬੰਧ ਨਹੀਂ। ਪੁਸਤਕ ਪੜ੍ਹ ਕੇ ਹੋਰ ਵੀ ਬਹੁਤ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ।

  ਸਾਡੇ ਬਜ਼ੁਰਗ 'ਮੁੰਦਾਵਣੀ' ਪੜ੍ਹ ਕੇ ਭੋਗ ਪਾਉਂਦੇ ਰਹੇ ਹਨ ਅਤੇ ਮੈਂ ਵੀ ਇਹੋ ਰੀਤ ਦੀ ਪਾਲਣਾ ਕਰਦਾ ਰਿਹਾ ਹਾਂ।

  ਮੈਂ ਇਸ ਪੁਸਤਕ ਲਿਖੇ ਜਾਣ 'ਤੇ ਗਿਆਨੀ ਗੁਰਦਿੱਤ ਸਿੰਘ ਜੀ ਦੀ ਪ੍ਰਸੰਸਾ ਕਰਦਾ ਹਾਂ, ਜਿਨ੍ਹਾਂ ਨੇ ਇਹ ਪੁਸਤਕ ਦੀ ਰਚਨਾ ਕਰ ਕੇ ਸੱਚ ਪ੍ਰਗਟਾਇਆ ਹੈ ਅਤੇ ਭੁਲੇਖੇ ਦੂਰ ਕੀਤੇ ਹਨ।

  *—ਹਰਬੰਸ ਸਿੰਘ ਜੱਜ, ਚੰਡੀਗੜ੍ਹ*

- *ਮੁੰਦਾਵਣੀ* ਪੁਸਤਕ ਵਿਚਾਰ ਪ੍ਰਧਾਨ ਤੇ ਤਰਕ ਸੰਗਤ ਹੈ। *ਮੁੰਦਾਵਣੀ* ਹੁਣ ਤਕ ਹੋਈ ਖੋਜ ਦਾ ਅੰਤਿਮ ਪੜਾਅ ਹੈ।

  *—ਪ੍ਰੋ.ਫੈਸਰ ਗੁਰਮੁਖ ਸਿੰਘ, ਪਟਿਆਲਾ*